

# ਆਸ-ਪਾਸ ਹੀ ਰੁੱਖ ਦੀ ਇੱਕ ਘਾਤਕ ਬਿਮਾਰੀ ਮਿਲੀ ਹੈ।

ਤੁਹਾਡੇ ਭਾਈਚਾਰੇ ਵਿੱਚ ਇੱਕ ਵਿਨਾਸ਼ਕਾਰੀ ਪੌਦਿਆਂ ਦੀ ਬਿਮਾਰੀ, **ਹੁਆਂਗਲੋਂਗਬਿੰਗ** *(HUANGLONGBING)* ਪਾਈ ਗਈ ਹੈ।

**ਸਿਟਰਸ ਫਲਾਂ ਦੀਆਂ ਸਾਰੀਆਂ ਕਿਸਮਾਂ — ਜਿਨ੍ਹਾਂ ਵਿੱਚ ਮੈਂਡਰਿਨ, ਸੰਤਰਾ, ਟੈਂਜੇਰੀਨ, ਕੁਮਕੁਆਟ, ਪੋਮੇਲੋ ਅਤੇ ਨਿੰਬੂ ਦੇ ਰੁੱਖ ਸ਼ਾਮਲ ਹਨ — ਖ਼ਤਰੇ ਵਿੱਚ ਹਨ।** ਪ੍ਰਭਾਵਿਤ ਸਿਟਰਸ ਰੁੱਖ ਮਰ ਜਾਣਗੇ ਅਤੇ ਉਨ੍ਹਾਂ ਨੂੰ ਬਗੀਚੇ ਤੋਂ ਹਟਾਉਣਾ ਪਵੇਗਾ ਤਾਂ ਜੋ ਬਾਕੀ ਦੇ ਨੇੜਲੇ ਰੁੱਖਾਂ ਨੂੰ ਬਚਾਇਆ ਜਾ ਸਕੇ।

CITRUS PEST & DISEASE PREVENTION PROGRAM

# ਆਪਣੇ ਭਾਈਚਾਰੇ ਦੇ ਸਿਟਰਸ ਰੁੱਖਾਂ ਨੂੰ ਬਚਾਓ



## ਸਹਿਯੋਗ ਕਰੋ

ਬਿਮਾਰੀ ਦਾ ਪਤਾ ਲਾਉਣ ਅਤੇ ਉਸਨੂੰ ਰੋਕਣ ਲਈ ਖੇਤੀ ਬਾੜੀ ਵਾਲੀਆਂ ਟੀਮਾਂ ਇਸ ਇਲਾਕੇ ਵਿੱਚ ਕੰਮ ਕਰ ਰਹੀਆਂ ਹਨ। ਕਿਰਪਾ ਕਰਕੇ ਉਨ੍ਹਾਂ ਨੂੰ ਆਪਣੀ ਪ੍ਰਾਪਰਟੀ ਵਿੱਚ ਆਉਣ ਦਿਓ।

## ਸਿਟਰਸ ਨੂੰ ਕਿਤੇ ਹੋਰ ਨਾ ਲਿਜਾਓ

ਸਿਟਰਸ ਫਲਾਂ, ਪੌਦਿਆਂ ਦੀਆਂ ਕਤਰਨਾਂ ਜਾਂ ਰੁੱਖਾਂ ਨੂੰ ਕਿਸੇ ਦੂਜੀ ਥਾਂ 'ਤੇ ਨਾ ਲਿਜਾਓ ਕਿਉਂਕਿ ਤੁਸੀਂ ਬਿਮਾਰੀ ਨੂੰ ਫੈਲਾ ਸਕਦੇ ਹੋ। ਕਦੇ ਵੀ ਦੂਜੇ ਦੇਸ਼ਾਂ ਤੋਂ ਸਿਟਰਸ ਦੇ ਪੌਦੇ ਨਾਲ ਨਾ ਲਿਆਓ।

## ਆਪਣੇ ਰੁੱਖ ਨੂੰ ਹਟਾਓ

ਜੇ ਤੁਸੀਂ ਆਪਣੇ ਸਿਟਰਸ ਰੁੱਖ ਦੀ ਦੇਖਭਾਲ ਨਹੀਂ ਕਰਦੇ ਹੋ, ਤਾਂ ਪਹਿਲਾਂ ਹੀ ਇਸਨੂੰ ਹਟਾ ਦਿਓ। ਘੱਟ ਰੁੱਖਾਂ ਦਾ ਮਤਲਬ ਹੈ ਬਿਮਾਰੀ ਫੈਲਣ ਦੇ ਘੱਟ ਮੌਕੇ।

CP-053-V3-1218

**CALIFORNIACITRUSTHREAT.ORG**
**800.491.1899**